8.4.24

Tender Heart High School Sec- 33 B Chd

Class-10 Teacher- Ramandeep Kaur

Topic- ਰੁੱਖ ਤੇ ਰੁੱਤਾਂ ਕਹਾਣੀ - 7

ਸ਼ੁੱਭ ਸਵੇਰ

ਵਿਦਿਆਰਥੀਓ, ਇਸ ਹਫਤੇ ਅਸੀਂ ਦਸਵੀਂ ਜਮਾਤ ਦੇ ਪੰਜਾਬੀ ਵਿਸ਼ੇ ਦੀ ਕਹਾਣੀ 'ਰੁੱਖ ਤੇ ਰੁੱਤਾਂ' ਬਾਰੇ ਸੋਚ ਵਿਚਾਰ ਕਰਾਂਗੇ। ਡਾ. ਦਲੀਪ ਕੌਰ ਟਿਵਾਣਾ ਦੀ ਇਹ ਰਚਨਾ ਤੁਹਾਡੀ ਪਾਠ-ਪੁਸਤਕ ਸਾਹਿਤ ਕਥਾ ਸੰਵੇਦਨਾ ਵਿੱਚ ਪੰਨਾ ਨੰਬਰ-44 ਤੇ ਦਰਜ ਹੈ। ਇਸਦਾ ਵਿਸਥਾਰ ਤੁਹਾਨੂੰ 8.4.24 ~~ਮਾਰਚ~~ ਅਪ੍ਰੈਲ 2024 ਨੂੰ ਭੇਜ ਰਹੇ ਹਾਂ।

ਤੁਸੀਂ ਸਾਰਿਆਂ ਨੇ ਇਸ ਪਾਠ ਨੂੰ ਧਿਆਨ ਨਾਲ ਪੜ੍ਹਨਾ ਹੈ ਅਤੇ ਕਹਾਣੀ ਦੇ ਵਿਸ਼ੇ ਨੂੰ ਸਮਝਣ ਦਾ ਯਤਨ ਕਰਨਾ ਹੈ।

ਇਸ ਕਹਾਣੀ ਰਾਹੀਂ ਲੇਖਕ ਕੁਦਰਤ ਦੀ ਮਹਾਨਤਾ ਬਾਰੇ ਦਰਸਾਉਂਦੀ ਹੈ ਅਤੇ ਮਨੁੱਖ ਦੇ ਵਿਗਿਆਨਕ ਢੰਗਾਂ ਨਾਲ ਸਿਰਜੇ ਜੀਵਨ ਤੇ ਚੋਟ ਕਰਦਿਆਂ ਦੱਸਿਆ ਹੈ ਕਿ ਮਨੁੱਖੀ ਜੀਵਨ ਜਿਹੜੀ ਖੁਸ਼ੀ ਕੁਦਰਤੀ ਸਾਧਨਾਂ ਨਾਲ ਇੱਕ ਮਿੱਕ ਹੋ ਕੇ ਪ੍ਰਾਪਤ ਕਰ ਸਕਦਾ ਹੈ, ਉਹ ਵਿਗਿਆਨਕ ਸਾਧਨਾਂ ਦੁਆਰਾ ਨਹੀਂ।

ਹੁਣ ਅਸੀਂ ਵਿਚਾਰਾਂਗੇ ਕਿਵੇਂ ਮਨੁੱਖ ਅਤੇ ਰੁੱਤਾਂ ਦਾ ਰਿਸ਼ਤਾ ਅੱਜ ਵੀ ਬਰਕਰਾਰ ਹੈ। ਰੁੱਖ ਕਿਵੇਂ ਆਪ ਇਸਦੀ ਸਾਰ ਨੂੰ ਮਹਿਸੂਸ ਕਰਦਾ ਹੈ।

Class - 10 Teacher - Ramandeep Kaur

Topic - ਰੱਬ ਤੇ ਰੁੱਤਾਂ ਕਹਾਣੀ - 7

★ ਰੁੱਤਾਂ ਦਾ ਧਰਤੀ ਤੇ ਆਉਣਾ

ਇਸ ਕਹਾਣੀ ਵਿੱਚ ਅਸੀਂ ਪੜ੍ਹਦੇ ਹਾਂ ਕਿ ਰੱਬ ਨੇ ਬਦਲਾਂ ਦੇ ਗਰਜਣ ਤੋਂ ਸਿਖ਼ ਕੇ ਰੁੱਤਾਂ ਨੂੰ ਧਰਤੀ ਉੱਤੇ ਭੇਜ ਦਿੱਤਾ। ਮਨੁੱਖ ਨੇ ਰੁੱਤਾਂ ਦੀਆਂ ਸ਼ਰਾਰਤਾਂ ਤੋਂ ਬਚਣ ਲਈ ਸੋਚ, ਰੰਗਾਂ - ਛਤਰੀਆਂ, ਕੋਠੇ, ਘਰ ਬੰਗਲੇ ਬਣਾ ਲਏ। ਮਾਣ ਮੱਤੀਆਂ ਰੁੱਤਾਂ ਤਾਂ ਆਪਣੀ ਮਰਜ਼ੀ ਕਰਦੀਆਂ ਸੀ। ਮਨੁੱਖ ਨੇ ਆਪਣੇ ਬਚਾਅ ਲਈ ਵਿਗਿਆਨਕ ਢੰਗਾਂ ਦਾ ਸਹਾਰਾ ਲਿਆ ਅਤੇ ਰੁੱਤਾਂ ਦੀ ਮਰਜ਼ੀ ਨੂੰ ਠੱਲ੍ਹ ਪਾ ਦਿੱਤੀ। ਮਨੁੱਖ ਨੇ ਰੇਡੀਓ ਰਾਹੀਂ ਮੀਂਹਾਂ ਬਾਰੇ ਅਗਾਊਂ ਹੀ ਪਤਾ ਲਾ ਕੇ ਹੜ੍ਹਾਂ ਤੋਂ ਬਚਾਅ ਕੀਤਾ, ਔੜ ਜਾਂ ਸੋਕੇ ਤੋਂ ਬਚਣ ਲਈ ਦਰਿਆਵਾਂ ਨੂੰ ਬੰਨ੍ਹ ਲਾ ਕੇ ਪਾਣੀ ਇਕੱਠਾ ਕਰ ਲਿਆ। ਖੇਤਾਂ - ਫਸਲਾਂ ਨੂੰ ਆਪਣੇ ਅਨੁਸਾਰ ਪਾਣੀ ਦੇਣ ਲਈ ਟਿਊਬਵੈੱਲ ਲਗਵਾ ਲਏ। ਜੇ ਹਵਾ ਬੰਦ ਹੋ ਜਾਂਦੀ ਤੇ ਬਿਜਲੀ ਦੇ ਪੱਖਿਆਂ ਦੀ ਕਾਢ ਕੱਢ ਲਈ। ਗੱਲ ਕੀ ਹੁਣ ਮਨੁੱਖ ਰੁੱਤਾਂ ਤੇ ਨਿਰਭਰ ਨਾ ਰਿਹਾ ਉਸਨੇ ਆਪਣੇ ਜੀਵਨ ਨੂੰ ਆਰਾਮਦਾਇਕ ਬਣਾਉਣ ਲਈ ਕਈ ਵਿਗਿਆਨਕ ਕਾਢਾਂ ਇਜਾਦ ਕਰ ਲਈਆਂ। ਹੁਣ ਰੁੱਤਾਂ ਦੀ ਅਹਿਮੀਅਤ ਧਰਤੀ ਤੇ ਘੱਟ ਗਈ। ਇਸ ਤਰ੍ਹਾਂ ਉਹ ਨਿਰਾਸ਼ ਹੋ ਗਈਆਂ ਅਤੇ ਰੱਬ ਕੋਲ ਬੇਨਤੀ ਕੀਤੀ ਕਿ ਹੁਣ ਧਰਤੀ ਤੇ ਸਾਡੀ ਕੋਈ ਲੋੜ ਨਹੀਂ ਹੈ। ਕੋਈ ਸਾਨੂੰ ਨਹੀਂ ਉਡੀਕਦਾ, ਹੁਣ ਵਾਪਸ ਆਪਣੇ

Class-10 Teacher- Ramandeep Kaur

Topic- ਰੱਬ ਤੇ ਰੁੱਤਾਂ ਕਹਾਣੀ - 7

ਕੋਲ ਬੁਲਾ ਲਵੇ। ਰੱਬ ਨੇ ਹੈਰਾਨ ਹੋ ਕੇ ਪੁੱਛਿਆ ਇਹ ਕਿਵੇਂ ਹੋ ਸਕਦਾ ਹੈ? ਤਾਂ ਰੁੱਤਾਂ ਨੇ ਕਿਹਾ ਜੇ ਤੁਹਾਨੂੰ ਸਾਡੀ ਗੱਲ ਤੇ ਯਕੀਨ ਨਹੀਂ ਹੁੰਦਾ ਤਾਂ ਆਪ ਚਲ ਕੇ ਵੇਖ ਲਵੋ। ਰੱਬ ਇੱਕ ਨਿੱਕੀ ਜਿਹੀ ਚਿੜੀ ਬਣ ਕੇ ਰੁੱਤਾਂ ਦੀ ਸ਼ਿਕਾਇਤ ਬਾਰੇ ਜਾਂਚ ਪੜਤਾਲ ਕਰਨ ਲਈ ਧਰਤੀ ਤੇ ਆ ਗਿਆ। ਜਦੋਂ ਰੱਬ ਨੇ ਨੱਚਦੇ ਮੋਰਾਂ ਮਹਿਕਾਂ ਮਾਰਦੇ ਫੁੱਲਾਂ ਤੇ ਗਾਉਂਦੇ ਪੰਛੀਆਂ ਨੂੰ ਦੇਖਿਆ ਤਾਂ ਰੱਬ ਨੇ ਬਹਾਰ ਦੀ ਰੁੱਤ ਨੂੰ ਕਿਹਾ "ਇਹ ਧਰਤੀ ਤਾਂ ਬੜੀ ਸੋਹਣੀ ਥਾਂ ਹੈ।"

ਅਭਿਆਸ ਲਈ ਪ੍ਰਸ਼ਨ ਹੱਲ ਕਰਨ ਦਾ ਯਤਨ ਕਰੋ।

1. ਰੁੱਤਾਂ ਆਪਣੀ ਮਰਜ਼ੀ ਕਿਵੇਂ ਕਰਦੀਆਂ ਸਨ?
2. ਮਨੁੱਖ ਨੇ ਆਪਣੇ ਬਚਾਅ ਲਈ ਕੀ ਕੀਤਾ?
3. ਰੁੱਤਾਂ ਨਿਰਾਸ਼ ਹੋ ਕੇ ਕਿੱਥੇ ਗਈਆਂ?
4. ਰੱਬ ਧਰਤੀ ਤੇ ਕੀ ਬਣ ਕੇ ਆਇਆ?

ਉਮੀਦ ਹੈ ਪਜਿ ਇੰਟ ਦੀ ਖਬਰ ਤੋਂ ਬਾਅਦ ਤੁਸੀਂ ਉੱਤਰ ਲਿਖ ਲਏ ਹੋਣਗੇ।

Class-10 Teacher- Ramandeep Kaur
Topic- ਰੱਬ ਤੇ ਰੁੱਤਾਂ ਕਹਾਣੀ - 7

ਆਓ ਪਹਿਲਾਂ ਉੱਤਰ ਵਿਚਾਰੀਏ

1. ਰੁੱਤਾਂ ਆਪਣੀ ਮਰਜ਼ੀ ਨਾਲ ਮੀਂਹ ਪਾਉਂਦੀਆਂ ਸੀ, ਕਦੀ ਰੋੜ੍ਹ ਦਿੰਦੀਆਂ ਸੀ ਜਾਂ ਔੜ ਦਾ ਸਾਹਮਣਾ ਕਰਨਾ ਪੈਂਦਾ ਤੇ ਕਦੇ ਹੜ੍ਹ ਲਿਆ ਕੇ ਸਭ ਕੁੱਝ ਤਹਿਸ ਨਹਿਸ ਕਰ ਦਿੰਦੀਆਂ।

2. ਮਨੁੱਖ ਨੇ ਆਪਣੇ ਬਚਾਅ ਲਈ ਛਤਰੀਆਂ, ਕੋਠੇ ਛੱਪਰ ਛੱਤ ਲਏ। ਪਾਣੀ ਲਈ ਟਿਊਬਵੈੱਲ ਲਾ ਲਏ, ਗਰਮੀ ਤੋਂ ਬਚਣ ਲਈ ਬਿਜਲੀ ਦੇ ਪੱਖੇ ਅਤੇ ਦਰਿਆਵਾਂ ਤੇ ਹੀ ਬੰਨ੍ਹ ਲਾ ਦਿੱਤੇ ਤੇ ਆਪਣੇ ਜੀਵਨ ਨੂੰ ਸੌਖਾ ਕਰ ਲਿਆ।

3. ਰੁੱਤਾਂ ਨਿਰਾਸ਼ ਹੋ ਕੇ ਰੱਬ ਕੋਲ ਗਈਆਂ ਤੇ ਕਿਹਾ ਹੁਣ ਧਰਤੀ ਤੇ ਸਾਡੀ ਕੋਈ ਲੋੜ ਨਹੀਂ ਹੈ।

4. ਰੱਬ, ਰੁੱਤਾਂ ਦੀ ਅਰਜੋਈ ਸੁਣ ਕੇ ਬਿਰਧ ਬਣ ਕੇ ਧਰਤੀ ਤੇ ਜਾਂਚ ਪੜਤਾਲ ਕਰਨ ਲਈ ਆਇਆ।

ਆਓ ਹੁਣ ਵਿਚਾਰਦੇ ਹਾਂ ਕਿ ਕਹਾਣੀ ਵਿੱਚ ਅੱਗੇ ਕੀ ਵਾਪਰਦਾ ਹੈ।

★ ਰੱਬ ਦਾ ਧਰਤੀ ਤੇ ਆਉਣਾ

ਰੱਬ ਧਰਤੀ ਤਾਂ ਵਧੀਆ ਲੱਗੀ ਪਰ ਜਦੋਂ ਉਹ ਇੱਕ ਸ਼ਹਿਰ ਵਿੱਚ ਪਹੁੰਚਿਆ ਤਾਂ ਉੱਥੋਂ ਦਾ

Class-10 Teacher- Ramandeep Kaur

Topic- ਰੱਬ ਤੇ ਰੁੱਤਾਂ ਕਹਾਣੀ - 7

ਭੀੜ-ਭੜੱਕਾ, ਰੌਲਾ-ਰੱਪਾ ਵੇਖ ਕੇ, ਲੋਕਾਂ ਦਾ ਵਾਰ-ਵਾਰ ਘੜੀ ਨੂੰ ਵੇਖਣਾ, ਇੱਕ ਦੂਜੇ ਨਾਲ ਓਪਰਿਆਂ ਵਾਲਾ ਵਿਹਾਰ ਕਰਨਾ ਤੇ ਪਿੰਜਰੇ ਵਿੱਚ ਵਿੱਕ ਰਹੀਆਂ ਚਿੜੀਆਂ ਨੂੰ ਵੇਖਕੇ ਘਬਰਾ ਗਿਆ। ਉਹ ਛੇਤੀ ਉਡਕੇ ਇੱਕ ਮੰਦਰ ਵਿੱਚ ਜਾ ਵੜਿਆ। ਉਥੇ ਉਸਨੇ ਵੇਖਿਆ ਕਿ ਪਾਟੇ ਕਪੜੇ ਪਾਈ ਇੱਕ ਮੁੰਡਾ ਮੋਤੀਏ ਦੇ ਫੁੱਲਾਂ ਦਾ ਹਾਰ ਦੋ-ਦੋ ਆਨੇ ਨੂੰ ਵੇਚ ਰਿਹਾ ਸੀ ਪਰ ਇੱਕ ਮੋਟਾ ਲਾਲਾ ਉਸ ਨਾਲ ਪੈਸੇ ਘੱਟ ਕਰਨ ਦਾ ਸੌਦਾ ਕਰ ਰਿਹਾ ਸੀ। ਫਿਰ ਉਸਨੇ ਡੇਢ ਆਨੇ ਵਿੱਚ ਹਾਰ ਖਰੀਦ ਕੇ ਮੂਰਤੀ ਨਾਲ ਵੀ ਲੈਣ ਦੀ ਗੱਲ ਕੀਤੀ। ਇੱਕ ਸੋਹਣੀ ਨੂੰਹ-ਧੀ ਨੇ ਵੀ ਵਾਲਾਂ ਵਿੱਚ ਤਾਜ਼ੇ ਫੁੱਲ ਲਾ ਕੇ ਉਹਨਾਂ ਦਾ ਸਾਹ ਘੁੱਟਿਆ ਸੀ। ਫਿਰ ਕਣੀਆਂ ਉਤਰ ਆਈਆਂ ਤੇ ਸ਼ਹਿਰ ਦੇ ਲੋਕਾਂ ਨੇ ਮੀਂਹ ਤੋਂ ਬਚਣ ਲਈ ਬਰਸਾਤੀਆਂ ਤੇ ਛੱਤਰੀਆਂ ਤਾਣ ਲਈਆਂ। ਕਰੰਟ ਮਾਰਦੇ ਬਿਜਲੀ ਦੇ ਖੰਭੇ, ਦਰੱਖਤਾਂ ਉੱਤੇ ਪੰਛੀਆਂ ਦੀ ਅਣਹੋਂਦ ਅਤੇ ਵਰ੍ਹਦੀਆਂ ਕਣੀਆਂ ਦਾ ਕਿਸੇ ਦੁਆਰਾ ਵੀ ਅਨੰਦ ਨਾ ਲੈਣ ਨੂੰ ਦੇਖ ਕੇ ਹੈਰਾਨ ਹੋ ਗਿਆ। ਉਸਨੂੰ ਇਹ ਸਭ ਵੇਖਕੇ ਰੁੱਤਾਂ ਦੀਆਂ ਗੱਲਾਂ ਦਾ ਯਕੀਨ ਹੋਣ ਲੱਗਾ ਤੇ ਬਹਾਰ ਦੀ ਰੁੱਤ ਤੋਂ ਝਿਜਕਦਾ ਹੋਇਆ ਸ਼ਹਿਰ ਵੱਲ ਪਿੱਠ ਕਰਕੇ ਤੁਰ ਪਿਆ।

Class-10 Teacher- Ramandeep kaur
Topic- ਰੱਬ ਤੇ ਰੁੱਤਾਂ ਕਹਾਣੀ - 7

ਅਭਿਆਸ ਲਈ ਪ੍ਰਸ਼ਨ ਹੱਲ ਕਰਨ ਦਾ ਯਤਨ ਕਰੋ।

5. ਚਿੜੀ ਬਣੇ ਰੱਬ ਨੇ ਸ਼ਹਿਰ ਵਿੱਚ ਕੀ ਦੇਖਿਆ?

6. ਰੱਬ ਨੂੰ ਕਿਸ ਗੱਲ ਦੀ ਬਹੁਤ ਹੈਰਾਨੀ ਹੋਈ?

ਉਮੀਦ ਹੈ ਤੁਸੀਂ ਉੱਤਰ ਲਿਖ ਲਏ ਹੋਣਗੇ।
ਆਓ ਉੱਤਰ ਵਿਚਾਰੀਏ।

5. ਚਿੜੀ ਬਣੇ ਰੱਬ ਨੂੰ ਸ਼ਹਿਰ ਦੇ ਲੋਕ ਅਜੀਬ ਲੱਗੇ। ਉਹ ਆਪਣੀ ਹੀ ਦੌੜ-ਭੱਜ ਮਸ਼ਰੂਫ਼ ਹਨ। ਕੋਈ ਕਿਸੇ ਨੂੰ ਜਾਣਦਾ ਨਹੀਂ। ਇੱਕ ਦੂਜੇ ਨਾਲ ਓਪਰਿਆਂ ਵਰਗਾ ਵਿਹਾਰ ਕਰਦੇ ਹਨ।

6. ਚਿੜੀ ਬਣੇ ਰੱਬ ਨੂੰ ਇਸ ਗੱਲ ਦੀ ਬਹੁਤ ਹੈਰਾਨੀ ਹੋਈ ਕਿ ਕਿਸੇ ਵਿਅਕਤੀ ਨੇ ਵੀ ਕਣੀਆਂ ਦਾ ਅਨੰਦ ਨਹੀਂ ਮਾਣਿਆ ਸਗੋਂ ਬਰਸਾਤੀਆਂ ਅਤੇ ਛੱਤਰੀਆਂ ਨਾਲ ਆਪਣੇ ਆਪ ਨੂੰ ਬਚਾਅ ਲਿਆ।

ਘਰ ਦਾ ਕੰਮ

ਤੁਸੀਂ ਇਸ ਕਹਾਣੀ ਨੂੰ ਘੱਟੋ-ਘੱਟ ਦੋ ਤੋਂ ਤਿੰਨ ਵਾਰ ਪੜ੍ਹਨਾ ਹੈ ਅਤੇ ਇਸਨੂੰ ਸਮਝਣਾ ਹੈ।

(Last page)

ਧੰਨਵਾਦ